HealthLinkBC

# ਈਬੋਲਾ ਵਾਇਰਸ ਬਿਮਾਰੀ

ਈਬੋਲਾ ਵਾਇਰਸ ਬਿਮਾਰੀ ਈਬੋਲਾ ਵਾਇਰਸ ਕਾਰਨ ਹੋਣ ਵਾਲੀ ਇੱਕ ਬਿਮਾਰੀ ਹੈ, ਜੋ ਕਿਸੇ ਸੰਕਰਮਿਤ ਵਿਅਕਤੀ ਜਾਂ ਜਾਨਵਰ ਦੇ ਖ਼ੂਨ ਜਾਂ ਸਰੀਰ ਦੇ ਤਰਲ ਪਦਾਰਥਾਂ ਦੇ ਸਿੱਧੇ ਸੰਪਰਕ ਦੁਆਰਾ ਫੈਲਦੀ ਹੈ।




ਈਬੋਲਾ ਵਾਇਰਸ ਬਿਮਾਰੀ (ਜਾਂ ਈਬੋਲਾ) ਈਬੋਲਾ ਵਾਇਰਸ ਕਾਰਨ ਹੋਣ ਵਾਲੀ ਇੱਕ ਬਿਮਾਰੀ ਹੈ। ਬਿਮਾਰੀ ਦੇ ਸ਼ੁਰੂਆਤੀ ਪੜਾਵਾਂ ਵਿੱਚ ਫਲੂ ਵਰਗੇ ਲੱਛਣ ਹੁੰਦੇ ਹਨ, ਜੋ ਖ਼ੂਨ ਵਗਣ, ਅੰਗਾਂ ਦੀ ਕੰਮ ਕਰਨਾ ਬੰਦ ਕਰਨ ਅਤੇ ਮੌਤ ਤੱਕ ਵਧ ਸਕਦੇ ਹਨ। ਈਬੋਲਾ ਕਿਸੇ ਸੰਕਰਮਿਤ ਵਿਅਕਤੀ ਜਾਂ ਜਾਨਵਰ ਦੇ ਖ਼ੂਨ ਜਾਂ ਸਰੀਰ ਦੇ ਤਰਲ ਪਦਾਰਥਾਂ ਦੇ ਸਿੱਧੇ ਸੰਪਰਕ ਦੁਆਰਾ ਫੈਲਦੀ ਹੈ। 1976 ਵਿੱਚ ਵਾਇਰਸ ਦੀ ਖੋਜ ਤੋਂ ਬਾਅਦ ਕਈ ਅਫਰੀਕੀ ਦੇਸ਼ਾਂ ਵਿੱਚ ਫੈਲਣ ਬਾਰੇ ਦੱਸਿਆ ਗਿਆ ਹੈ।

ਵਰਤਮਾਨ ਵਿੱਚ, ਈਬੋਲਾ ਲਈ ਕੋਈ ਪ੍ਰਵਾਨਿਤ ਟੀਕਾਕਰਣ ਨਹੀਂ ਹੈ। **ਬ੍ਰਿਟਿਸ਼ ਕੋਲੰਬੀਆ ਜਾਂ ਕੈਨੇਡਾ ਵਿੱਚ ਹੋਰ ਕਿਤੇ ਵੀ ਈਬੋਲਾ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ।**

ਈਬੋਲਾ ਨਾਲ ਸਬੰਧਤ ਯਾਤਰਾ ਸਿਹਤ ਨੋਟਿਸਾਂ ਲਈ, ਕੈਨੇਡਾ ਦੀ ਪਬਲਿਕ ਹੈਲਥ ਏਜੰਸੀ: ਯਾਤਰਾ ਸਿਹਤ ਸੂਚਨਾਵਾਂ ਵੈੱਬਪੇਜ ਤੇ ਜਾਓ। ਜੇਕਰ ਤੁਸੀਂ ਹਾਲ ਹੀ ਵਿੱਚ ਕਿਸੇ ਪ੍ਰਭਾਵਿਤ ਖੇਤਰ ਦੀ ਯਾਤਰਾ ਕੀਤੀ ਹੈ ਜਾਂ ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਰਹੇ ਹੋ ਜਿਸਨੂੰ ਈਬੋਲਾ ਹੋਣ ਦਾ ਪਤਾ ਲਗਾਇਆ ਗਿਆ ਸੀ ਅਤੇ ਤੁਹਾਡੇ ਵਿੱਚ ਬਿਮਾਰੀ ਦੇ ਲੱਛਣ ਹਨ, ਤਾਂ ਜਿੰਨੀ ਜਲਦੀ ਹੋ ਸਕੇ ਹੈਲਥਲਿੰਕ ਬੀਸੀ ਨੂੰ **8-1-1** 'ਤੇ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

## ਈਬੋਲਾ ਦੇ ਲੱਛਣ ਕੀ ਹਨ?

ਈਬੋਲਾ ਦੇ ਲੱਛਣ ਵਾਇਰਸ ਦੇ ਸੰਪਰਕ ਵਿੱਚ ਆਉਣ ਤੋਂ 2 ਤੋਂ 21 ਦਿਨਾਂ ਬਾਅਦ ਕਿਤੇ ਵੀ ਦਿਖਾਈ ਦੇ ਸਕਦੇ ਹਨ। ਸ਼ੁਰੂਆਤੀ ਲੱਛਣਾਂ ਵਿੱਚ ਸ਼ਾਮਲ ਹਨ:

- ਬੁਖਾਰ
- ਕਮਜ਼ੋਰੀ
- ਥਕੇਵਾਂ
- ਮਾਸਪੇਸ਼ੀਆਂ ਵਿੱਚ ਦਰਦ
- ਤੀਬਰ ਸਿਰਦਰਦ
- ਧੱਫੜ

- ਪੇਟ ਦਰਦ
- ਉਲਟੀਆਂ
- ਦਸਤ
- ਗਲੇ ਵਿੱਚ ਦਰਦ
- ਅੱਖਾਂ ਦੀ ਲਾਲੀ

## ਈਬੋਲਾ ਵਾਇਰਸ ਕਿਵੇਂ ਫੈਲਦਾ ਹੈ?

- ਈਬੋਲਾ ਵਾਇਰਸ ਜੰਗਲੀ ਜਾਨਵਰਾਂ ਜਿਵੇਂ ਕਿ ਚਿੰਪੈਂਜ਼ੀ, ਗੋਰਿਲਾ, ਫਲਾਂ ਦੇ ਚਮਗਿੱਦੜਾਂ ਅਤੇ ਬਾਂਦਰਾਂ ਤੋਂ ਪੈਦਾ ਹੁੰਦਾ ਹੈ। ਇਹ ਸੰਕਰਮਿਤ ਜਾਨਵਰਾਂ ਦੇ ਲਹੂ, ਸਰੀਰਕ ਦ੍ਰਵਾਂ, ਅੰਗਾਂ ਜਾਂ ਹੋਰ ਸਰੀਰਿਕ ਤਰਲ ਪਦਾਰਥਾਂ ਦੇ ਸਿੱਧੇ ਸੰਪਰਕ ਦੁਆਰਾ ਮਨੁੱਖਾਂ ਵਿੱਚ ਫੈਲ ਸਕਦਾ ਹੈ।
- ਈਬੋਲਾ ਵਾਇਰਸ ਇਕ ਵਿਅਕਤੀ ਤੋਂ ਦੂਜੇ ਵਿਅਕਤੀ ਜਾਂ ਆਮ ਸੰਪਰਕ ਰਾਹੀਂ ਆਸਾਨੀ ਨਾਲ ਨਹੀਂ ਫੈਲਦਾ
- ਤੁਸੀਂ ਸਿਰਫ ਤਾਂ ਹੀ ਈਬੋਲਾ ਪ੍ਰਾਪਤ ਕਰ ਸਕਦੇ ਹੋ ਜੇਕਰ ਤੁਸੀਂ ਕਿਸੇ ਸੰਕਰਮਿਤ ਜਾਨਵਰ ਜਾਂ ਵਿਅਕਤੀ ਦੇ ਸਰੀਰ ਦੇ ਤਰਲ ਪਦਾਰਥਾਂ ਨਾਲ ਸਿੱਧੇ ਸੰਪਰਕ ਵਿੱਚ ਆਉਂਦੇ ਹੋ। ਸਿੱਧਾ ਸੰਪਰਕ ਛਿੱਲੀ ਹੋਈ ਚਮੜੀ ਜਾਂ ਲੇਸਦਾਰ ਝਿੱਲੀ ਜਿਵੇਂ ਕਿ ਅੱਖਾਂ, ਨੱਕ ਜਾਂ ਮੂੰਹ ਦੇ ਤਰਲ ਜਿਵੇਂ ਖ਼ੂਨ, ਪਸੀਨਾ, ਲਾਰ, ਉਲਟੀ, ਪਿਸ਼ਾਬ ਜਾਂ ਮਲ ਨਾਲ ਹੁੰਦਾ ਹੈ।
- ਈਬੋਲਾ ਨਾਲ ਸੰਕਰਮਿਤ ਲੋਕ ਸਿਰਫ਼ ਉਦੋਂ ਹੀ ਛੂਤਕਾਰੀ ਹੁੰਦੇ ਹਨ ਜਦੋਂ ਉਹਨਾਂ ਦੇ ਲੱਛਣ ਦਿਖਣੇ ਸ਼ੁਰੂ ਹੁੰਦੇ ਹਨ
- ਈਬੋਲਾ ਵਾਲੇ ਲੋਕ ਲਾਗ ਦੇ ਅਖੀਰਲੇ ਪੜਾਵਾਂ ਦੌਰਾਨ ਜਦੋਂ ਉਹ ਬਹੁਤ ਬਿਮਾਰ ਹੁੰਦੇ ਹਨ, ਤਾਂ ਸਭ ਤੋਂ ਵੱਧ ਛੂਤਕਾਰੀ ਹੁੰਦੇ ਹਨ

ਈਬੋਲਾ ਹਵਾ ਰਾਹੀਂ ਨਹੀਂ ਫੈਲਦਾ। ਈਬੋਲਾ ਭੋਜਨ ਜਾਂ ਪਾਣੀ ਵਿੱਚ ਨਹੀਂ ਫੈਲਦਾ ਹੈ। ਜੇਕਰ ਤੁਸੀਂ ਉਚਿਤ ਸਾਵਧਾਨੀ ਵਰਤਦੇ ਹੋ, ਤਾਂ ਈਬੋਲਾ ਹੋਣ ਦਾ ਖ਼ਤਰਾ ਬਹੁਤ ਘੱਟ ਹੁੰਦਾ ਹੈ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰਾ ਈਬੋਲਾ ਨਾਲ ਸੰਪਰਕ ਹੋਇਆ ਹੈ?

ਤੁਸੀਂ ਸਿਰਫ ਤਾਂ ਹੀ ਈਬੋਲਾ ਨੂੰ ਪ੍ਰਾਪਤ ਕਰ ਸਕਦੇ ਹੋ ਜੇਕਰ ਤੁਸੀਂ ਸੰਕਰਮਿਤ ਸਰੀਰ ਦੇ ਤਰਲਾਂ ਨਾਲ ਸਿੱਧਾ ਸੰਪਰਕ ਵਿੱਚ ਆਏ ਹੋਵੋ। ਇਹਨਾਂ ਵਿੱਚ ਖ਼ੂਨ, ਪਸੀਨਾ, ਲਾਰ, ਉਲਟੀ, ਪਿਸ਼ਾਬ ਅਤੇ ਮਲ ਸ਼ਾਮਲ ਹਨ।

ਜੇਕਰ ਤੁਸੀਂ ਹਾਲ ਹੀ ਵਿੱਚ ਕਿਸੇ ਪ੍ਰਭਾਵਿਤ ਖੇਤਰ ਦੀ ਯਾਤਰਾ ਕੀਤੀ ਹੈ ਜਾਂ ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਰਹੇ ਹੋ ਜਿਸਨੂੰ ਈਬੋਲਾ ਹੋਣ ਦਾ ਪਤਾ ਲਗਾਇਆ ਗਿਆ ਸੀ ਅਤੇ ਤੁਹਾਡੇ ਵਿੱਚ ਈਬੋਲਾ ਦੇ ਲੱਛਣ ਹਨ, ਤਾਂ ਜਿੰਨੀ ਜਲਦੀ ਹੋ ਸਕੇ ਹੈਲਥਲਿੰਕ ਬੀਸੀ ਨੂੰ **8-1-1** 'ਤੇ ਜਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਸੰਪਰਕ ਕਰੋ।

ਈਬੋਲਾ ਬਾਰੇ ਜਾਣਕਾਰੀ ਲਈ, ਮੌਜੂਦਾ ਪ੍ਰਕੋਪ ਬਾਰੇ ਜਾਣਕਾਰੀ ਸਮੇਤ, ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਈਬੋਲਾ ਵਾਇਰਸ ਬਿਮਾਰੀ ਵੈੱਬ ਪੇਜ 'ਤੇ ਜਾਓ। ਈਬੋਲਾ ਨਾਲ ਸਬੰਧਤ ਯਾਤਰਾ ਸਿਹਤ ਨੋਟਿਸਾਂ ਲਈ, ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਦੇ ਯਾਤਰਾ ਸਿਹਤ ਨੋਟਿਸ ਵੈੱਬਪੇਜ 'ਤੇ ਜਾਓ।

# ਸਿਹਤ ਦੇਖਭਾਲ ਵਰਕਰਾਂ ਵਾਸਤੇ

ਸਿਹਤ ਸੰਭਾਲ ਕਰਮਚਾਰੀ ਜੋ ਸੰਕਰਮਿਤ ਮਰੀਜ਼ਾਂ ਦੇ ਨਾਲ ਕੰਮ ਕਰ ਰਹੇ ਹਨ ਅਤੇ ਈਬੋਲਾ ਵਾਇਰਸ ਨਾਲ ਕੰਮ ਕਰ ਰਹੇ ਪ੍ਰਯੋਗਸ਼ਾਲਾ ਦੇ ਕਰਮਚਾਰੀਆਂ ਨੂੰ ਈਬੋਲਾ ਐਕਸਪੋਜ਼ਰ ਦਾ ਵਧੇਰੇ ਜੋਖਮ ਹੁੰਦਾ ਹੈ। ਸਿਹਤ ਪੇਸ਼ੇਵਰਾਂ ਨੂੰ ਈਬੋਲਾ ਬਾਰੇ ਕੀ ਜਾਣਨ ਦੀ ਲੋੜ ਹੈ, ਇਸ ਬਾਰੇ ਜਾਣਕਾਰੀ ਲਈ ਕਿ ਜੇਕਰ ਕੋਈ ਕਰਮਚਾਰੀ ਈਬੋਲਾ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਕੀ ਹੁੰਦਾ ਹੈ, ਸਵੈ-ਨਿਗਰਾਨੀ ਕਿਵੇਂ ਕਰਨੀ ਹੈ, ਅਤੇ ਜੇਕਰ ਕਿਸੇ ਕਰਮਚਾਰੀ ਨੂੰ ਈਬੋਲਾ ਹੈ ਤਾਂ ਕੀ ਹੁੰਦਾ ਹੈ,

- ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ:  ਕਲੀਨਿਕਲ ਸਰੋਤ/ਈਬੋਲਾ ਵੇਖੋ।
- ਕੈਨੇਡਾ ਸਰਕਾਰ: ਈਬੋਲਾ ਵਾਇਰਸ ਬਿਮਾਰੀ - ਸਿਹਤ ਪੇਸ਼ੇਵਰ

# ਉਪਯੋਗੀ ਵੈੱਬਸਾਇਟਾਂ

## ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ (BCCDC)

ਬੀਸੀ ਸੈਂਟਰ ਫਾਰ ਡੀਜ਼ੀਜ਼ ਕੰਟਰੋਲ (ਬੀਸੀਸੀਡੀਸੀ) ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਟੀ ਦੀ ਇੱਕ ਏਜੰਸੀ ਹੈ। ਉਹ ਨਿਗਰਾਨੀ, ਖੋਜ, ਰੋਕਥਾਮ ਅਤੇ ਸਲਾਹ-ਮਸ਼ਵਰੇ ਰਾਹੀਂ ਜਨਤਕ ਸਿਹਤ ਲਈ ਸੂਬਾਈ ਅਤੇ ਰਾਸ਼ਟਰੀ ਅਗਵਾਈ ਪ੍ਰਦਾਨ ਕਰਦੇ ਹਨ। BCCDC ਵੈੱਬਸਾਈਟ 'ਤੇ ਈਬੋਲਾ ਬਾਰੇ ਹੋਰ ਜਾਣੋ।

## ਕੈਨੇਡਾ ਸਰਕਾਰ

ਕੈਨੇਡਾ ਸਰਕਾਰ ਦੀ ਵੈੱਬਸਾਈਟ 'ਤੇ ਲੱਛਣਾਂ ਅਤੇ ਇਲਾਜ ਸਮੇਤ ਇਬੋਲਾ ਵਾਇਰਸ ਰੋਗ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰੋ।

## ਵਰਲਡ ਹੈਲਥ ਓਰਗੇਨਾਈਜ਼ੇਸ਼ਨ (WHO)

ਵਰਲਡ ਹੈਲਥ ਓਰਗੇਨਾਈਜ਼ੇਸ਼ਨ (WHO) ਵਿਸ਼ਵਵਿਆਪੀ ਸਿਹਤ ਮਾਮਲਿਆਂ 'ਤੇ ਅਗਵਾਈ ਪ੍ਰਦਾਨ ਕਰਦਾ ਹੈ, ਜਿਸ ਵਿੱਚ ਈਬੋਲਾ ਵਰਗੇ ਸਿਹਤ ਮੁੱਦਿਆਂ ਦੀ ਨਿਗਰਾਨੀ ਅਤੇ ਮੁਲਾਂਕਣ ਕਰਨਾ, ਦੇਸ਼ਾਂ ਨੂੰ ਤਕਨੀਕੀ ਸਹਾਇਤਾ ਪ੍ਰਦਾਨ ਕਰਨਾ, ਅਤੇ ਨਿਯਮ ਅਤੇ ਮਾਪਦੰਡ ਨਿਰਧਾਰਤ ਕਰਨਾ ਸ਼ਾਮਲ ਹੈ। ਈਬੋਲਾ ਬਾਰੇ ਹੋਰ ਜਾਣਨ ਲਈ, ਈਬੋਲਾ ਵਾਇਰਸ ਬਿਮਾਰੀ ਬਾਰੇ WHO ਤੱਥ ਸ਼ੀਟ 'ਤੇ ਜਾਓ।

ਆਖਰੀ ਵਾਰੀ ਸਮੀਖਿਆ ਕੀਤੀ ਗਈ: **8 ਦਸੰਬਰ, 2022**

ਈਬੋਲਾ ਵਾਇਰਸ ਬਿਮਾਰੀ (EVD) ਸਿਹਤ ਫ਼ੀਚਰ ਵਿੱਚ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਵਿਸ਼ਵ ਸਿਹਤ ਸੰਗਠਨ (WHO) ਦੀ ਤੱਥ ਸ਼ੀਟ ਈਬੋਲਾ ਵਾਇਰਸ ਬਿਮਾਰੀ, ਜਿਸ ਤੱਕ 29 ਜੁਲਾਈ 2014 ਨੂੰ ਪਹੁੰਚਿਆ ਗਿਆ, BCCDC ਈਬੋਲਾ ਸੰਖੇਪ ਜਾਣਕਾਰੀ, ਜਿਸ ਤੱਕ 21 ਅਕਤੂਬਰ 2014 ਨੂੰ ਪਹੁੰਚਿਆ ਗਿਆ, ਅਤੇ ਕੈਨੇਡਾ ਦੀ ਪਬਲਿਕ ਹੈਲਥ ਏਜੰਸੀ ਹੈਂਡਆਉਟ ਕੀ ਤੁਸੀਂ ਹਾਲ ਹੀ ਵਿੱਚ ਅਫਰੀਕਾ ਦੀ ਯਾਤਰਾ ਕੀਤੀ ਹੈ?, ਜਿਸ ਤੱਕ 24 ਅਕਤੂਬਰ 2014 ਨੂੰ ਪਹੁੰਚਿਆ ਗਿਆ।